## ਐਕਸ-ਰੇ

ਤੁਹਾਡਾ ਐਕਸ-ਰੇ ਲਿਆ ਜਾ ਸਕਦਾ ਹੈ (ਤੁਹਾਡੇ ਸਰੀਰ ਦਾ ਸਕੈਨ)। ਉਦਾਹਰਣ ਦੇ ਲਈ, ਛਾਤੀ ਦਾ ਐਕਸ-ਰੇ ਲਿਆ ਜਾ ਸਕਦਾ ਹੈ ਜੇ ਤੁਹਾਨੁ ਸਾਹ ਲੈਣ ਵਿਚ ਮੁਸ਼ਕਲ ਹੈ ਜਾਂ ਛਾਤੀ ਵਿੱਚ ਦਰਦ ਹੈ। ਜੇ ਤੁਸੀਂ ਜ਼ਖਮੀ ਹੋ ਤਾਂ ਬਾਂਹ ਜਾਂ ਲੱਤ ਦੇ ਐਕਸ-ਰੇ ਲਏ ਜਾ ਸਕਦੇ ਹਨ।

## ਸੀਟੀ ਸਕੈਨ

ਸੀਟੀ ਸਕੈਨ ਦੇ ਦੌਰਾਨ, ਕੰਪਿਊਟਰ ਦੀ ਵਰਤੋਂ ਬਹੁਤ ਸਾਰੇ ਐਕਸ-ਰੇ ਚਿੱਤਰ ਇਕੋ ਸਮੇਂ ਲੈਣ ਲਈ ਕੀਤੀ ਜਾਂਦੀ ਹੈ।

ਕੀਤੇ ਗਏ ਕਿਸੇ ਵੀ ਟੈਸਟ ਦੇ ਨਤੀਜੇ ਤੁਹਾਡੇ ਨਾਲ ਟੀਮ ਦੁਆਰਾ ਵਿਚਾਰੇ ਜਾਣਗੇ।

# ਈਡੀ ਤੋਂ ਬਾਅਦ

## ਹਸਪਤਾਲ ਵਿਚ ਰਹਿਣਾ

ਕੁਝ ਲੋਕ ਜੋ ਈਡੀ ਵਿਚ ਆਉਂਦੇ ਹਨ ਉਨ੍ਹਾਂ ਨੂੰ ਹਸਪਤਾਲ ਦੇ ਵਾਰਡ ਵਿਚ ਦਾਖਲ ਹੋਣ ਦੀ ਜ਼ਰੂਰਤ ਹੁੰਦੀ ਹੈ। ਜੇ ਤੁਹਾਡੀ ਵੀ ਇਹ ਸਥਿਤੀ ਹੈ, ਤਾਂ ਅਸੀਂ ਤੁਹਾਨੂੰ ਜਿੰਨੀ ਜਲਦੀ ਹੋ ਸਕੇ ਸਭ ਤੋਂ ਉਚਿਤ ਵਾਰਡ ਵਿਚ ਲੈ ਜਾਵਾਂਗੇ। ਜੇ ਹਸਪਤਾਲ ਵਿਅਸਤ ਹੈ ਇਸ ਵਿਚ ਕੁਝ ਸਮਾਂ ਲੱਗ ਸਕਦਾ ਹੈ, ਤਾਂ ਉਸ ਦੌਰਾਨ ਅਸੀਂ ਈਡੀ ਵਿਚ ਤੁਹਾਡੀ ਦੇਖਭਾਲ ਕਰਦੇ ਰਹਾਂਗੇ।

## ਹਸਪਤਾਲ ਛੱਡਦੇ ਹੋਏ

ਹਸਪਤਾਲ ਛੱਡਣ ਨੂੰ ਡਿਸਚਾਰਜ ਹੋਣਾ ਕਿਹਾ ਜਾਂਦਾ ਹੈ। ਜਦੋਂ ਤੁਸੀਂ ਹਸਪਤਾਲ ਤੋਂ ਜਾ ਰਹੇ ਹੋਵੋਗੇ ਤਾਂ ਇੱਕ ਸਟਾਫ ਮੈਂਬਰ ਤੁਹਾਡੇ ਨਾਲ ਤੁਹਾਡੇ ਬਾਰੇ ਗੱਲ ਕਰੇਗਾ:

- ਤੁਹਾਡੀ ਦੇਖਭਾਲ ਦੀ ਯੋਜਨਾ ਅਤੇ ਫਾਲੋ-ਅਪ (ਉਦਾਹਰਨ- ਦਵਾਈਆਂ ਅਤੇ ਮੁਲਾਕਾਤਾਂ)
- ਡਾਕਟਰੀ ਸਰਟੀਫਿਕੇਟ, ਪੱਤਰ ਅਤੇ ਨਿੱਜੀ ਐਕਸਰੇ ਦੀ ਵਾਪਸੀ
- ਕਮਿਊਨਿਟੀ ਸਿਹਤ ਸੇਵਾ, ਜਨਰਲ ਪ੍ਰੈਕਟੀਸ਼ਨਰ (ਜੀਪੀ) ਜਾਂ ਮਾਹਰ ਕਲੀਨਿਕ ਦਾ ਫਾਲੋ ਅਪ

**ਕੀ ਤੁਸੀ ਜਾਣਦੇ ਹੋ?**

**ਜੀਪੀ ਅਤੇ ਟੈਲੀਫੋਨ ਸੇਵਾਵਾਂ ਗੈਰ ਜ਼ਰੂਰੀ ਮਾਮਲਿਆਂ ਵਿੱਚ ਸਹਾਇਤਾ ਕਰ ਸਕਦੀਆਂ ਹਨ। ਤੁਸੀਂ ਹੈਲਥ ਡਾਇਰੈਕਟ ਆਸਟਰੇਲੀਆ ਨਾਲ 1800 022 222 ਜਾਂ www.healthdirect.gov.au ਤੇ ਮੁਫਤ ਸੰਪਰਕ ਕਰ ਸਕਦੇ ਹੋ।**

# ਉਮੀਦਾਂ

## ਤੁਸੀਂ ਸਾਡੇ ਤੋਂ ਕੀ ਉਮੀਦ ਕਰ ਸਕਦੇ ਹੋ?

ਤੁਸੀਂ ਆਪਣੇ ਡਾਕਟਰਾਂ, ਨਰਸਾਂ ਅਤੇ ਹੋਰ ਸਟਾਫ ਤੋਂ ਇਹ ਆਸ ਕਰ ਸਕਦੇ ਹੋ:

- ਨਿਮਰ ਅਤੇ ਸਲੀਕੇ ਵਾਲੇ ਹੋਣ
- ਤੁਹਾਡੇ ਨਾਲ ਆਦਰ ਅਤੇ ਸਤਿਕਾਰ ਨਾਲ ਪੇਸ਼ ਆਉਣ
- ਚੀਜ਼ਾਂ ਨੂੰ ਧਿਆਨ ਨਾਲ ਸਮਝਾਉਣ ਅਤੇ ਇਸ ਤਰੀਕੇ ਨਾਲ ਸਮਝਾਉਣ ਕਿ ਤੁਸੀਂ ਸਮਝ ਸਕੋ
- ਤੁਹਾਨੂੰ ਆਪਣੇ ਨਤੀਜਿਆਂ ਅਤੇ ਈਡੀ ਵਿੱਚ ਤੁਹਾਡੀ ਪ੍ਰਗਤੀ ਤੋਂ ਜਾਣੂ ਕਰਵਾਉਂਦੇ ਰਹਿਣ
- ਤੁਹਾਨੂੰ ਦੱਸਣ ਕਿ ਅੱਗੇ ਕੀ ਹੋਣ ਜਾ ਰਿਹਾ ਹੈ।

ਜੇ ਕਿਸੇ ਸਮੇਂ ਤੁਹਾਨੂੰ ਨਹੀਂ ਪਤਾ ਕਿ ਕੀ ਹੋ ਰਿਹਾ ਹੈ, ਤਾਂ ਕਿਰਪਾ ਕਰਕੇ ਸਟਾਫ ਨੂੰ ਪੁੱਛੋ - ਉਹ ਕਿਸੇ ਵੀ ਪ੍ਰਸ਼ਨ ਦੇ ਉੱਤਰ ਦੇਣ ਵਿਚ ਖੁਸ਼ ਹਨ।

# ਅਸੀਂ ਤੁਹਾਡੇ ਤੋਂ ਕੀ ਪੁੱਛਦੇ ਹਾਂ

## ਖਾਣਾ ਅਤੇ ਪੀਣਾ

ਕਿਰਪਾ ਕਰਕੇ ਡਾਕਟਰ ਨੂੰ ਮਿਲਣ ਤੋਂ ਪਹਿਲਾਂ ਕੁਝ ਨਾ ਖਾਓ-ਪੀਓ। ਕੁਝ ਪ੍ਰਕਿਰਿਆਵਾਂ ਜਾਂ ਇਲਾਜਾਂ ਲਈ ਤੁਹਾਨੂੰ ਖਾਲੀ ਪੇਟ ਰਹਿਣਾ ਹੁੰਦਾ ਹੈ।

## ਆਪਣੇ ਇਲਾਜ ਨੂੰ ਰੋਕਣਾ

ਜੇ ਤੁਸੀਂ ਈਡੀ ਨੂੰ ਤੁਹਾਡੇ ਵੇਖੇ ਜਾਣ ਤੋਂ ਪਹਿਲਾਂ ਛੱਡਣਾ ਚਾਹੁੰਦੇ ਹੋ, ਜਾਂ ਆਪਣਾ ਇਲਾਜ ਖਤਮ ਹੋਣ ਤੋਂ ਪਹਿਲਾਂ ਛੱਡ ਦਿੰਦੇ ਹੋ, ਤਾਂ ਕਿਰਪਾ ਕਰਕੇ ਪਹਿਲਾਂ ਡਾਕਟਰਾਂ ਅਤੇ ਨਰਸਾਂ ਨਾਲ ਇਸ ਬਾਰੇ ਵਿਚਾਰ ਕਰੋ ਤਾਂ ਜੋ ਉਹ ਤੁਹਾਨੂੰ ਕਿਸੇ ਵੀ ਸੰਭਾਵਿਤ ਮੁਸ਼ਕਿਲਾਂ ਬਾਰੇ ਦੱਸ ਸਕਣ।

# ਫੀਡਬੈਕ / ਸੁਝਾਅ

ਤੁਹਾਡੀ ਫੀਡਬੈਕ ਸਾਡੇ ਲਈ ਮਹੱਤਵਪੂਰਣ ਹੈ। ਕਿਰਪਾ ਕਰਕੇ ਸਟਾਫ ਨੂੰ ਪੁੱਛੋ ਕਿ ਤੁਸੀਂ ਆਪਣੀ ਫੀਡਬੈਕ ਕਿਵੇਂ ਦੇ ਸਕਦੇ ਹੋ।

NSW GOVERNMENT

June 2019
© NSW Ministry of Health.
SHPN is (SP)190563.

Punjabi

# ਆਪਣੀ ਵਿਜਿਟ ਵਿੱਚ ਐਮਰਜੈਂਸੀ ਵਿਭਾਗ ਤੋਂ ਕੀ ਉਮੀਦ ਕਰ ਸਕਦੇ ਹੋ



NSW GOVERNMENT

# ਸਵਾਗਤ ਹੈ

## ਐਮਰਜੈਂਸੀ ਵਿਭਾਗ

ਸਾਨੂੰ ਅਫ਼ਸੋਸ ਹੈ ਕਿ ਤੁਸੀਂ ਅੱਜ ਬੀਮਾਰ ਜਾਂ ਜ਼ਖਮੀ ਹੋ ਅਤੇ ਐਮਰਜੈਂਸੀ ਵਿਭਾਗ (ਈ.ਡੀ.) ਵਿਚ ਆਉਣਾ ਪਿਆ ਹੈ।

ਬਹੁਤ ਸਾਰੇ ਲੋਕਾਂ ਲਈ ਇਹ ਉਨ੍ਹਾਂ ਦਾ ਪਹਿਲੀ ਵਾਰ ਹਸਪਤਾਲ ਆਉਣਾ ਹੈ ਅਤੇ ਅਸੀਂ ਜਾਣਦੇ ਹਾਂ ਕਿ ਇਹ ਚਿੰਤਾਜਨਕ ਤਜਰਬਾ ਹੋ ਸਕਦਾ ਹੈ।

ਇਸ ਜਾਣਕਾਰੀ ਪਰਚੇ ਦਾ ਉਦੇਸ਼ ਤੁਹਾਨੂੰ ਜਾਣਕਾਰੀ ਦੇਣਾ ਹੈ ਜੋ ਤੁਸੀਂ ਅੱਜ ਦੇ ਦੌਰੇ ਤੋਂ ਉਮੀਦ ਕਰ ਸਕਦੇ ਹੋ। ਜੇ ਤੁਹਾਡੇ ਕੋਈ ਪ੍ਰਸ਼ਨ ਹਨ, ਤਾਂ ਤੁਸੀਂ ਕਿਸੇ ਵੀ ਸਮੇਂ ਕਿਸੇ ਵੀ ਸਟਾਫ ਨੂੰ ਪੁੱਛ ਸਕਦੇ ਹੋ।

## ਪਹਿਲੇ ਕਦਮ

ਇਲਾਜ਼ ਲਈ ਈ.ਡੀ ਵਿੱਚ ਆਉਣ ਵਾਲੇ ਹਰੇਕ ਵਿਅਕਤੀ ਨੂੰ ਕਿਸੇ ਸੀਨੀਅਰ ਨਰਸ ਦੁਆਰਾ ਵੇਖਿਆ ਜਾਂਦਾ ਹੈ ਜਦੋਂ ਉਹ ਪਹੁੰਚਦੇ ਹਨ।

ਨਰਸ ਪੁੱਛੇਗੀ ਕਿ ਤੁਸੀਂ ਈ.ਡੀ ਵਿੱਚ ਕਿਉਂ ਆਏ ਹੋ ਅਤੇ ਤੁਹਾਡੇ ਕੁਝ ਮਾਪ ਲੈ ਸਕਦੀ ਹੈ, ਜਿਵੇਂ ਤੁਹਾਡੇ ਦਿਲ ਦੀ ਗਤੀ ਅਤੇ ਬਲੱਡ ਪ੍ਰੈਸ਼ਰ।

ਨਰਸ ਨਿਰਧਾਰਤ ਕਰੇਗੀ ਕਿ ਤੁਹਾਨੂ ਕਿੰਨੀ ਜਲਦੀ ਇਲਾਜ ਦੀ ਜ਼ਰੂਰਤ ਹੈ ਇਸ ਗੱਲ 'ਤੇ ਨਿਰਭਰ ਕਰਦੇ ਹੋਏ ਕਿ ਤੁਸੀਂ ਕਿੰਨੇ ਬਿਮਾਰ ਜਾਂ ਜ਼ਖਮੀ ਹੋ।

# ਵਿਅਕਤੀਗਤ ਜਾਣਕਾਰੀ

## ਪਹੁੰਚਣ 'ਤੇ ਜਾਣਕਾਰੀ

ਜਦੋਂ ਤੁਸੀਂ ਪਹੁੰਚ ਜਾਂਦੇ ਹੋ, ਸਾਡੇ ਸਟਾਫ ਨੂੰ ਤੁਹਾਨੂੰ ਹੇਠ ਲਿਖੀ ਜਾਣਕਾਰੀ ਦੇਣ ਦੀ ਜ਼ਰੂਰਤ ਹੋਏਗੀ:

- ਤੁਹਾਡਾ ਮੈਡੀਕੇਅਰ ਨੰਬਰ
- ਕੋਈ ਵੀ ਨਿੱਜੀ ਸਿਹਤ ਬੀਮਾ ਜਾਣਕਾਰੀ
- ਕੋਈ ਵੀ ਧਾਰਮਿਕ ਜਾਂ ਸਭਿਆਚਾਰਕ ਵਿਸ਼ਵਾਸ ਜਾਂ ਅਭਿਆਸ ਜਿਸ ਬਾਰੇ ਤੁਸੀਂ ਸੋਚਦੇ ਹੋ ਸਾਨੂੰ ਇਸ ਬਾਰੇ ਪਤਾ ਹੋਣਾ ਚਾਹੀਦਾ ਹੈ।

!

**ਮਹੱਤਵਪੂਰਨ**

**ਜੇ ਤੁਸੀਂ ਮਹਿਸੂਸ ਕਰਦੇ ਹੋ ਕਿ ਤੁਸੀਂ ਜਾਂ ਕੋਈ ਪਰਿਵਾਰਕ ਮੈਂਬਰ ਬਿਮਾਰ ਹੋ ਰਹੇ ਹੋ, ਤਾਂ ਕਿਰਪਾ ਕਰਕੇ ਤੁਰੰਤ ਕਿਸੇ ਸਟਾਫ ਮੈਂਬਰ ਨੂੰ ਦੱਸੋ।**

ਸਾਨੂੰ ਤੁਹਾਡੀ ਦੇਖਭਾਲ ਵਿੱਚ ਸਹਾਇਤਾ ਲਈ ਨਿੱਜੀ ਜਾਣਕਾਰੀ ਦੀ ਵੀ ਜ਼ਰੂਰਤ ਹੋਏਗੀ, ਜਿਵੇਂ ਕਿ:

- ਤੁਹਾਡੀ ਕੋਈ ਸਿਹਤ ਸਮੱਸਿਆਵਾਂ ਜਾਂ ਦਵਾਈਆਂ ਜੋ ਤੁਸੀਂ ਲੈ ਰਹੇ ਹੋ
- ਐਲਰਜੀ ਜਿਸ ਤੋਂ ਤੁਸੀਂ ਪੀੜ੍ਹਤ ਹੋ ਸਕਦੇ ਹੋ
- ਜੇ ਤੁਸੀਂ ਗਰਭਵਤੀ ਹੋ ਜਾਂ ਬਰੈਸਟਫਿਡੀਂਗ ਕਰਾ ਰਹੇ ਹੋ
- ਜੇ ਤੁਸੀਂ ਹਾਲ ਹੀ ਵਿਚ ਵਿਦੇਸ਼ ਗਏ ਹੋ
- ਤੁਹਾਡੀ ਘਰ ਦੀ ਸਥਿਤੀ ਅਤੇ ਤੁਹਾਡੇ ਕੋਲ ਕਿਹੜੀ ਸਮਾਜਿਕ ਸਹਾਇਤਾ ਹੈ।

# ਤੁਹਾਡੀ ਦੇਖ ਭਾਲ

## ਐਬਔਰਿਜਨਲ (ਆਦਿਵਾਸੀ) ਅਤੇ ਟੋਰਸ ਸਟਰੇਟ ਆਈਲੈਂਡਰ ਦੇ ਲੋਕ

ਹਰ ਕਿਸੇ ਨੂੰ ਪੁੱਛਿਆ ਜਾਵੇਗਾ 'ਕੀ ਤੁਸੀਂ ਐਬਔਰਿਜਨਲ ਜਾਂ ਟੋਰਸ ਸਟਰੇਟ ਆਈਲੈਂਡਰ ਮੂਲ ਦੇ ਹੋ?'

ਤੁਹਾਨੂੰ ਆਪਣੇ ਮੂਲ ਦੀ ਪਛਾਣ ਕਰਨ ਲਈ ਉਤਸ਼ਾਹਤ ਕੀਤਾ ਜਾਂਦਾ ਹੈ। ਜੇ ਤੁਸੀਂ ਕਿਸੇ ਐਬਔਰਿਜਨਲ ਸੰਪਰਕ ਅਧਿਕਾਰੀ ਜਾਂ ਸਮਾਜ ਸੇਵਕ ਦੀ ਸਹਾਇਤਾ ਚਾਹੁੰਦੇ ਹੋ, ਤਾਂ ਕਿਰਪਾ ਕਰਕੇ ਇੱਕ ਸਟਾਫ ਮੈਂਬਰ ਨੂੰ ਪੁੱਛੋ।

## ਉਹ ਲੋਕ ਜੋ ਅੰਗ੍ਰੇਜ਼ੀ ਨਹੀਂ ਬੋਲਦੇ

ਜੇ ਤੁਹਾਨੂੰ ਕਿਸੇ ਦੁਭਾਸ਼ੀਏ ਦੀ ਜ਼ਰੂਰਤ ਹੈ ਤਾਂ ਕਿਰਪਾ ਕਰਕੇ ਰਿਸੈਪਸ਼ਨ ਡੈਸਕ ਤੇ ਪੁੱਛੋ।

ਟ੍ਰਾਂਸਲੇਟਿੰਗ ਐਂਡ ਦੁਭਾਸ਼ੀਏ ਸੇਵਾ (ਟੀਆਈਐਸ ਨੈਸ਼ਨਲ) ਉਹਨਾਂ ਲੋਕਾਂ ਨੂੰ ਮੁਫਤ ਦੁਭਾਸ਼ੀਏ ਸੇਵਾਵਾਂ ਮੁਹੱਈਆ ਕਰਵਾਉਂਦੀ ਹੈ ਜੋ ਅੰਗ੍ਰੇਜ਼ੀ ਨਹੀਂ ਬੋਲਦੇ। ਟੀਆਈਐਸ ਨੈਸ਼ਨਲ ਹਰ ਦਿਨ 24 ਘੰਟੇ ਉਪਲਬਧ ਹੁੰਦਾ ਹੈ। **131 450** ਤੇ ਕਾਲ ਕਰੋ।

?

**ਜੇ ਮੇਰੇ ਕੋਈ ਪ੍ਰਸ਼ਨ ਹਨ?**

**ਜਦੋਂ ਤੁਸੀਂ ਈ.ਡੀ. ਵਿੱਚ ਹੁੰਦੇ ਹੋ, ਤੁਹਾਡੇ ਕੋਲ ਸਿਹਤ ਪੇਸ਼ੇਵਰਾਂ ਦੀ ਇੱਕ ਟੀਮ ਹੋਵੇਗੀ ਜੋ ਤੁਹਾਡੀ ਦੇਖਭਾਲ ਕਰੇਗੀ। ਜੇ ਤੁਹਾਡੇ ਕੋਈ ਪ੍ਰਸ਼ਨ ਹਨ, ਕਿਰਪਾ ਕਰਕੇ ਸਾਨੂੰ ਕਿਸੇ ਵੀ ਸਮੇਂ ਪੁੱਛੋ।**

## ਤੁਹਾਡੇ ਅਧਿਕਾਰ ਅਤੇ ਸੁਰੱਖਿਆ

ਹੈਲਥਕੇਅਰ ਰਾਈਟਸ ਦਾ ਆਸਟ੍ਰੇਲੀਆ ਚਾਰਟਰ ਹੈਲਥਕੇਅਰ ਸਿਸਟਮ ਵਿਚ ਹਰੇਕ ਲਈ ਉਪਲਬਧ ਹੈ। ਇਹ ਹਰੇਕ ਨੂੰ ਸਿਹਤ ਦੇਖਭਾਲ ਪ੍ਰਾਪਤ ਕਰਨ ਵਾਲੇ ਲੋਕਾਂ ਦੇ ਅਧਿਕਾਰਾਂ ਬਾਰੇ ਸਮਝ ਸਾਂਝਾ ਕਰਨ ਦੀ ਆਗਿਆ ਦਿੰਦਾ ਹੈ।

ਹਰੇਕ ਨੂੰ ਈਡੀ ਵਿੱਚ ਸੁਰੱਖਿਅਤ ਹੋਣਾ ਚਾਹੀਦਾ ਹੈ। ਸਾਰੇ ਐਨਐਸਡਬਲਯੂ ਹਸਪਤਾਲਾਂ ਵਿੱਚ ਹਿੰਸਾ ਪ੍ਰਤੀ ਜ਼ੀਰੋ ਸਹਿਣਸ਼ੀਲਤਾ ਦੀ ਨੀਤੀ ਹੈ। ਇਸਦਾ ਮਤਲਬ ਹੈ ਕਿ ਹਿੰਸਾ, ਗਾਲ੍ਹਾਂ-ਕੱਢਣ , ਧਮਕੀਆਂ ਜਾਂ ਜ਼ਬਾਨੀ ਦੁਰਵਿਵਹਾਰ ਦੀ ਆਗਿਆ ਨਹੀਂ ਹੈ। ਜਿਹੜਾ ਵੀ ਵਿਅਕਤੀ ਹਿੰਸਕ ਜਾਂ ਬਦਸਲੂਕੀ ਕਰਦਾ ਹੈ ਉਸਨੂੰ ਸਟਾਫ, ਸੁਰੱਖਿਆ ਜਾਂ ਪੁਲਿਸ ਦੁਆਰਾ ਉਥੋਂ ਜਾਣ ਛੱਡਣ ਲਈ ਕਿਹਾ ਜਾਵੇਗਾ।

# ਮੈਨੂੰ ਕੀ ਉਮੀਦ ਕਰਨੀ ਚਾਹੀਦੀ ਹੈ?

## ਮੈਂ ਇਥੇ ਕਿੰਨਾ ਚਿਰ ਰਹਾਂਗਾ?

ਸਟਾਫ ਤੁਹਾਨੂੰ ਜਿੰਨਾ ਜਲਦੀ ਹੋ ਸਕੇ ਵੇਖੇਗਾ। ਜਿਆਦਾ ਬਿਮਾਰ ਲੋਕ ਪਹਿਲਾਂ ਵੇਖੇ ਜਾਣਗੇ।

ਇਸ ਸਮੇਂ ਦੌਰਾਨ, ਜਦੋਂ ਤੁਸੀਂ ਉਡੀਕ ਕਰ ਰਹੇ ਹੋਵੋਗੇ ਤਾਂ ਤੁਹਾਡਾ ਇਲਾਜ ਸ਼ੁਰੂ ਹੋ ਸਕਦਾ ਹੈ ਅਤੇ ਇਸ ਵਿਚ ਕੁਝ ਦਵਾਈਆਂ (ਜਿਵੇਂ ਕਿ ਦਰਦ ਤੋਂ ਰਾਹਤ) ਜਾਂ ਟੈਸਟ (ਜਿਵੇਂ ਐਕਸ-ਰੇ) ਸ਼ਾਮਲ ਹੋ ਸਕਦੇ ਹਨ।

ਸਾਨੂੰ ਹਸਪਤਾਲ ਦੇ ਕਿਸੇ ਹੋਰ ਹਿੱਸੇ ਤੋਂ ਕਿਸੇ ਮਾਹਰ ਡਾਕਟਰ ਜਾਂ ਨਰਸ ਨੂੰ ਤੁਹਾਨੂੰ ਵਿਖਾਉਣ ਦੀ ਜ਼ਰੂਰਤ ਹੋ ਸਕਦੀ ਹੈ ਇਹ ਵੇਖਣ ਵਿੱਚ ਮਦਦ ਕਰਨ ਲਈ ਕਿ ਤੁਹਾਨੂੰ ਕਿਸ ਦੇਖਭਾਲ ਦੀ ਜ਼ਰੂਰਤ ਹੈ।

ਤੁਸੀਂ ਕਿੰਨਾ ਸਮਾਂ ਰੁਕੋਗੇ ਇਸ ਗੱਲ 'ਤੇ ਨਿਰਭਰ ਕਰੇਗਾ ਕਿ ਤੁਸੀਂ ਈਡੀ ਵਿੱਚ ਕਿਉਂ ਆਏ ਹੋ ਅਤੇ ਤੁਹਾਨੂੰ ਕਿਸ ਦੇਖਭਾਲ ਦੀ ਜ਼ਰੂਰਤ ਹੈ।

ਬਹੁਤੇ ਲੋਕ ਜੋ ਈਡੀ ਤੋਂ ਘਰ ਜਾਣਾ ਖਤਮ ਕਰਦੇ ਹਨ ਚਾਰ ਘੰਟਿਆਂ ਦੇ ਅੰਦਰ ਅਜਿਹਾ ਕਰਦੇ ਹਨ।

# ਟੈਸਟ ਅਤੇ ਸਕੈਨ

## ਕਿਹੜੇ ਟੈਸਟ ਕੀਤੇ ਜਾ ਸਕਦੇ ਹਨ?

ਕੁਝ ਲੋਕਾਂ ਨੂੰ ਈਡੀ ਵਿੱਚ ਕੁਝ ਟੈਸਟ ਕਰਵਾਉਣ ਦੀ ਜ਼ਰੂਰਤ ਹੋ ਸਕਦੀ ਹੈ। ਆਮ ਤੋਰ ਤੇ ਇਹ ਤਿੰਨ ਟੈਸਟ-ਖੂਨ ਦੇ ਟੈਸਟ, ਐਕਸਰੇ ਅਤੇ ਸੀਟੀ ਸਕੈਨ ਹਨ।

## ਖੂਨ ਦੇ ਟੈਸਟ

ਤੁਹਾਡੇ ਡਾਕਟਰ ਨੂੰ ਮਿਲਣ ਤੋਂ ਪਹਿਲਾਂ ਜਾਂ ਬਾਅਦ ਵਿਚ ਖੂਨ ਦੀ ਜਾਂਚ ਕੀਤੀ ਜਾ ਸਕਦੀ ਹੈ। ਕੁਝ ਲੋਕਾਂ ਨੂੰ ਆਪਣੀ ਰਿਹਾਇਸ਼ ਦੇ ਦੌਰਾਨ ਦੂਜੀ ਵਾਰ ਵੀ ਖੂਨ ਦੀ ਜਾਂਚ ਕਰਨ ਦੀ ਜ਼ਰੂਰਤ ਹੋ ਸਕਦੀ ਹੈ।